This question paper contains 3 printed pages]

*Your Roll No.*...............

**8527**

**B.A. (PROGRAMME)/I** IS

**(A)**

PUNJABI DISCIPLINE—Paper I

**(Compulsory)**

(Essay, Novel and Functional Punjabi etc.)

*Time* : 3 *Hours* *Maximum Marks* : 100

*Note* :—The maximum marks printed on the question paper are applicable for the students of the NCWEB/Non-formal cell. These marks will, however, be scaled down proportionately in respect of the students of regular colleges at the time of posting of awards for compilation of result.

(*Write your Roll No. on the top immediately on receipt of this question paper.*)

**ਨੋਟ** :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. 'ਪਵਿਤਰ ਪਾਪੀ ਇਕ ਦੁਖਾਂਤਕ ਨਾਵਲ ਹੈ ।' ਇਸ ਕਥਨ ਬਾਰੇ ਆਪਣੇ ਵਿਚਾਰ ਪੇਸ਼ ਕਰੋ ।

**ਜਾਂ**

'ਪਵਿੱਤਰ ਪਾਪੀ' ਦੀ ਕਹਾਣੀ ਦਾ ਸੰਖੇਪ ਸਾਰ ਆਪਣੇ ਸ਼ਬਦਾਂ ਵਿਚ ਲਿਖੋ । 20

2. ਨਿਮਨ ਲਿਖਤ ਵਿਚੋਂ ਕਿਸੇ **ਇਕ** ਨਿਬੰਧ ਵਿਚਲੇ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿਚ ਲਿਖੋ :

ਵੈਦਿਕ ਜਾਂ ਅਵੈਦਿਕ ਵਿਚਾਰਧਾਰਾ, ਮਜ਼੍ਹਬ, ਸਦਾਚਾਰ ਦੇ ਮੱਤ । 20

P.T.O.

3. ਹੇਠ ਲਿਖਿਆਂ ਵਿਸ਼ਿਆਂ ਵਿਚੋਂ ਕਿਸੇ **ਇਕ** ਵਿਸ਼ੇ ਉਪੱਰ ਪੈਰਾ ਲਿਖੋ :

(*i*) ਸਹਿਯੋਗ ।

(*ii*) ਹੋਸ਼ਾਂ ਨਾਲੋਂ ਮਸਤੀ ਚੰਗੀ, ਰੱਖਦੀ ਸਦਾ ਟਿਕਾਣੇ ।

(*iii*) ਮਾਤ-ਭਾਸ਼ਾ ਦੀ ਮਹਾਨਤਾ । 15

4. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਨਿਮਨ ਲਿਖਤ ਸਵਾਲਾਂ ਦੇ ਜਵਾਬ ਦਿਉ :

ਮਨੁੱਖ ਅਤੇ ਸਭਿਆਚਾਰ ਦੋ ਅਜਿਹੇ ਸ਼ਬਦ ਹਨ ਜਿਹੜੇ ਆਪਣੇ ਆਪ ਵਿਚ ਪੀਢੇ ਰੂਪ ਵਿਚ ਸੰਬੰਧਤ ਹਨ । ਅਸਲ ਵਿਚ ਮਨੁੱਖ ਦੀ ਸਾਰਥਕਤਾ, ਭੂਮਿਕਾ, ਸ੍ਰੇਸ਼ਟਤਾ, ਮਹਾਨਤਾ ਅਤੇ ਇਤਿਹਾਸਕ ਪ੍ਰਾਪਤੀ ਦਾ ਸੰਦਰਭ ਸਭਿਆਚਾਰ ਨਾਲ ਹੀ ਜੁੜਿਆ ਹੈ । ਕੁਦਰਤ ਆਪਣੇ ਆਪ ਵਿਚ ਵਿਗਸ ਰਹੀ ਇਕਾਈ ਹੈ । ਇਸ ਕ੍ਰਿਸ਼ਮੇ, ਅਜੂਬੇ ਅਤੇ ਨਜ਼ਾਰਿਆਂ ਨੂੰ ਖੋਜਣਾ, ਸਾਧਨਾ, ਉਨ੍ਹਾਂ ਦੇ ਪਿੱਛੇ ਕਾਰਜਸ਼ੀਲ ਸੋਮਿਆਂ ਤੇ ਅਧਾਰਿਤ ਗਿਆਨ, ਵਿਗਿਆਨ ਦੀ ਉਸਾਰੀ ਮਨੁੱਖ ਦੀ ਕਿਸੇ ਇੱਕ ਦਿਨ ਦੀ ਪ੍ਰਾਪਤੀ ਨਹੀਂ ਸਗੋਂ ਸਦੀਆਂ ਦਾ ਇਤਿਹਾਸ, ਮਿਥਿਹਾਸ ਇਸ ਨੂੰ ਬਣਾਉਂਦਾ, ਉਸਾਰਦਾ ਅਤੇ ਨਿਖਾਰਦਾ ਰਿਹਾ ਹੈ । ਕਦੇ ਮੁੱਢਲੇ ਦੌਰ ਦੀਆਂ ਇਤਿਹਾਸਕ ਸੀਮਾਵਾਂ ਕਰਕੇ ਮਨੁੱਖੀ ਸਭਿਆਚਾਰ ਦੀ ਵਿਆਖਿਆ ਉੱਤੇ ਧਰਮ, ਮਿਥਿਹਾਸ ਅਤੇ ਆਦਰਸ਼ਕ ਦ੍ਰਿਸ਼ਟੀਬੋਧ ਦਾ ਪ੍ਰਛਾਵਾਂ ਰਿਹਾ ਪਰੰਤੂ ਜਿਉਂ ਹੀ ਮਨੁੱਖੀ ਚੇਤਨਾ ਨੇ ਵਿਕਾਸ ਕੀਤਾ ਉਸ ਨੇ ਨਵੀਨ ਵਿਗਿਆਨਕ, ਪਦਾਰਥਵਾਦੀ ਦ੍ਰਿਸ਼ਟੀਕੋਣ ਅਨੁਸਾਰ ਜ਼ਿੰਦਗੀ, ਕੁਦਰਤ, ਮਨੁੱਖ ਅਤੇ ਸਭਿਆਚਾਰ ਦੀ ਵਿਆਖਿਆ ਕਰਨੀ ਅਰੰਭ ਕੀਤੀ । ਪਰਤੂੰ ਇਸ ਦ੍ਰਿਸ਼ਟੀ ਭੇਦ ਅਤੇ ਵਿਆਖਿਆ ਦੀ ਵਿਧੀ ਵਿਚ ਮਨੁੱਖ ਅਤੇ ਜ਼ਿੰਦਗੀ ਕਦੇ ਵੀ ਖਾਰਜ ਨਹੀਂ ਹੋਏ ਸਗੋਂ ਇਹ ਵਿਆਖਿਆ ਵਿਸ਼ੇਸ਼ ਇਤਿਹਾਸਕ ਦੌਰਾਂ ਵਿਚ ਮਨੁੱਖ ਦੀ ਸੰਸਾਰਕ ਤ੍ਰਿਪਤੀ ਵੀ ਕਰਦੀ ਰਹੀ ਹੈ । ਉਂਜ ਕਈ ਵਾਰੀ ਤਾਂ ਇਉਂ ਵੀ ਲਗਦਾ ਹੈ ਕਿ ਕੁਦਰਤ ਸਭਿਆਚਾਰ ਅਤੇ ਮਾਨਵੀ ਸਿਰਜਣਾਵਾਂ ਆਪਣੇ ਸੁਭਾਵਕ ਪ੍ਰਭਾਹ ਵਿਚ ਬਣਦੇ, ਵਿਗਸਦੇ ਰਹਿੰਦੇ ਹਨ । ਸਿਧਾਂਤ ਦੀ ਉਪਜ ਇਨ੍ਹਾਂ ਸਿਰਜਣਾਵਾਂ ਤੋਂ ਬਾਅਦ ਵਿਚ ਵੀ ਹੁੰਦੀ ਹੈ । ਇਤਿਹਾਸ ਦੇ ਮੁੱਢਲੇ ਦੌਰ ਵਿਚ ਸਿਧਾਂਤ ਨੂੰ ਆਧਾਰ ਬਣਾਕੇ ਸਭਿਆਚਾਰ

ਦੀ ਸਿਰਜਣਾ ਨਹੀਂ ਸੀ ਹੁੰਦੀ ਸਗੋਂ ਸਭਿਆਚਾਰਕ ਪ੍ਰਾਪਤੀਆਂ ਦੇ ਆਧਾਰ ਉੱਤੇ ਮਨੁੱਖ ਸਿਧਾਂਤ ਦੀ ਉਸਾਰੀ ਕਰਦਾ ਆਇਆ ਹੈ ।

ਪ੍ਰਸ਼ਨ :

(*i*) ਇਸ ਪੈਰੇ ਦਾ ਸਿਰਲੇਖ ਲਿਖੋ ।

(*ii*) ਕਿਸ ਦਾ ਸੰਦਰਭ ਸਭਿਆਚਾਰ ਨਾਲ ਜੁੜਿਆ ਹੋਇਆ ਹੈ ?

(*iii*) ਕਿਹੜੀ ਉਸਾਰੀ ਮਨੁੱਖ ਇੱਕ ਦਿਨ ਵਿਚ ਨਹੀਂ ਕਰ ਸਕਿਆ ?

(*iv*) ਮਨੁੱਖੀ ਚੇਤਨਾ ਦੇ ਵਿਕਾਸ ਨੇ ਉਸਦੇ ਦ੍ਰਿਸ਼ਟੀਕੋਣ ਵਿਚ ਕੀ ਤਬਦੀਲੀ ਲਿਆਂਦੀ ਹੈ ?

(*v*) ਮਨੁੱਖ ਸਿਧਾਂਤਾਂ ਦੀ ਉਸਾਰੀ ਕਿਸ ਉੱਤੇ ਕਰਦਾ ਆਇਆ ਹੈ ? 15

5. ਨਿਮਨ ਲਿਖਤ ਪ੍ਰਸ਼ਨਾਂ ਵਿਚੋਂ ਕਿੱਸੇ **ਦੋ** ਦਾ ਉੱਤਰ ਲਿਖੋ :

(*i*) ਸ਼ਬਦ ਰਚਨਾ ਦੇ ਮੁੱਢਲੇ ਸੰਕਲਪਾਂ ਨਾਲ ਪਛਾਣ ਕਰਾਉ ।

(*ii*) ਪੰਜਾਬੀ ਦੀ ਧੁਨੀ ਵਿਉਂਤ ਬਾਰੇ ਜਾਣਕਾਰੀ ਦਿਓ ।

(*iii*) ਕਿਰਿਆ ਵਾਕੰਸ਼ ਦੀ ਬਣਤਰ ਸੰਬੰਧੀ ਜਾਣਕਾਰੀ ਭਰਪੂਰ ਨੋਟ ਲਿਖੋ । 10

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ **50** ਸ਼ਬਦਾਂ ਵਿਚ ਲਿਖੋ :

(*i*) 'ਸੰਗੀਤ' ਲੇਖ ਲਿਖਣ ਦਾ ਕੀ ਭਾਵ ਹੈ ?

(*ii*) 'ਸਿਨੇਮਾ ਅਤੇ ਸਟੇਜ' ਵਿਚਕਾਰ ਕਿਹੜੀਆਂ ਗੱਲਾਂ ਸਮਾਨ ਹਨ ?

(*iii*) 'ਚਿੱਤਰਕਲਾ ਦੇ ਮੂਲ ਤੱਤ' ਕਿਹੜੇ ਹਨ ?

(*iv*) 'ਪਵਿੱਤਰ ਪਾਪੀ' ਵਿਚ ਕਿਦਾਰ ਦਾ ਚਰਿੱਤਰ ਕਿਸ ਤਰ੍ਹਾਂ ਦਾ ਪੇਸ਼ ਕੀਤਾ ਗਿਆ ਹੈ ?

(*v*) 'ਪਵਿੱਤਰ ਪਾਪੀ' ਨਾਵਲ ਦੁਖਾਂਤ ਹੈ ਜਾਂ ਸੁਖਾਂਤ ? ਟਿੱਪਣੀ ਕਰੋ । 20